ਬੱਚਿਆਂ ਲਈ ਬਾਈਬਲ

ਉਪੱਸਥਿਤ

# ਸੈਮੂਏਲ ਪਰਮੇਸ਼ਵਰ ਦਾ ਦਾਸ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Lyn Doerksen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਹੱਨਾ ਇੱਕ ਚੰਗੀ ਔਰਤ, ਜਿਸ ਦਾ ਵਿਆਹ ਅਲਕਾਨਾ ਨਾ ਦੇ ਚੰਗੇ ਮਨੁੱਖ ਨਾਲ ਹੋਇਆ ਸੀ। ਉਹ ਦੋਨੋ ਪਰਮੇਸ਼ਵਰ ਦੀ ਉਪਾਸਨਾ ਕਰਦੇ ਅਤੇ ਦੂਸਰਿਆਂ ਉੱਤੇ ਦਯਾ ਕਰਦੇ ਸੀ। ਪਰ ਹੱਨਾ ਦੇ ਜੀਵਨ ਵਿੱਚ ਕੁਝ ਘਾਟ ਸੀ। ਉਹ ਇੱਕ ਬੱਚਾ ਚਾਹੁੰਦੀ ਸੀ।



ਉਹ ਕਿਵੇਂ ਵੀ ਇੱਕ ਬੱਚਾ ਚਾਹੁੰਦੀ ਸੀ! ਉਸ ਨੇ
ਇੰਤਜ਼ਾਰ ਅਤੇ ਪ੍ਰਾਥਨਾਂ ਅਤੇ ਆਸ਼ਾ ਅਤੇ ਹੋਰ ਵੀ
ਇੰਤਜ਼ਾਰ ਕੀਤਾ। ਪਰ
ਬੱਚਾ ਨਹੀ ਹੋਇਆ!





ਹਰ ਸਾਲ, ਹੱਨਾ
ਪਰਮੇਸ਼ਵਰ ਦੀ
ਹੈਕਲ ਵਿੱਚ ਉਸਦੀ
ਅਰਾਧਨਾ ਕਰਨ ਜਾਦੀ
ਸੀ। ਇੱਕ ਸਾਲ ਉਸ ਨੇ
ਪਰਮੇਸ਼ਵਰ ਨਾਲ ਵਾਇਦਾ ਕੀਤਾ
ਕੀ ਜੇਕਰ ਤੁਸੀ ਮੈਨੂੰ ਪੁੱਤਰ
ਦਿਉਂਗੇ, ਉਹ ਉਸ ਲੜਕੇ ਨੂੰ
ਹਮੇਸ਼ਾ ਲਈ ਪਰਮੇਸ਼ਵਰ ਦੀ
ਸੇਵਾ ਲਈ ਦੇ ਦੇਵੇਗੀ।



ਬਜ਼ੁਰਗ ਏਲੀ ਯਾਜਕ
ਨੇ ਵੇਖਿਆ ਕੀ ਹੱਨਾ
ਪ੍ਰਾਥਨਾਂ ਕਰ ਰਹੀ
ਹੈ। ਉਸ ਨੇ ਸੋਚਿਆ
ਕੇ ਹੱਨਾ ਨੇ
ਸ਼ਰਾਬ ਪੀਤੀ
ਹੈ ਕਿਉਂਕਿ
ਉਸਦੇ
...



... ਬੁੱਲ ਹਿੱਲਦੇ
ਸਨ ਪਰ ਆਵਾਜ
ਨਹੀ ਸੀ। ਏਲੀ
ਨੇ ਹੱਨਾ ਨੂੰ
ਝਿੜਕਿਆ!



ਪਰ ਹੱਨਾ ਨੇ ਏਲੀ
ਨੂੰ ਆਪਣੀ ਬੱਚੇ
ਲਈ ਪ੍ਰਾਥਨਾਂ ਦੇ
ਬਾਰੇ ਅਤੇ ਪਰਮੇਸ਼ਵਰ
ਨਾਲ ਵਾਇਦੇ ਦੇ ਬਾਰੇ
ਦੱਸਿਆ। "ਸ਼ਾਂਤੀ ਦੇ
ਨਾਲ ਜਾਹ," ਏਲੀ
ਨੇ ਉੱਤਰ ਦਿੱਤਾ।



"ਅਤੇ ਇਸਰਾਏਲ ਦਾ ਪਰਮੇਸ਼ਵਰ ਤੇਰੀ ਪ੍ਰਾਥਨਾਂ ਦਾ ਉੱਤਰ ਦੇਵੇਗਾ ਜੋ ਤੂੰ ਉਸ ਤੋਂ ਮੰਗੀ ਹੈ।" ਏਲੀ ਦੇ ਸ਼ਬਦਾਂ ਨੇ ਹੱਨਾ ਨੂੰ ਆਸ਼ਾ ਦਿੱਤੀ।

ਜਲਦ ਹੀ ਹੱਨਾ ਦਾ ਦਿਲ ਬਹੁਤ ਵੱਡੀ ਖੁਸ਼ੀ ਨਾਲ ਭਰ ਗਿਆ। “ਪਰਮੇਸ਼ਵਰ ਨੇ ਉਸ ਨੂੰ ਯਾਦ ਰੱਖਿਆ” ਅਤੇ ਉਸਦੀ ਪ੍ਰਾਥਨਾਂ ਦਾ ਉੱਤਰ ਦਿੱਤਾ। ਉਹ ਅਤੇ ਏਲਕਾਨਾ ਨੂੰ ਇੱਕ ਪੁੱਤਰ ਹੋਇਆ ਜਿਸ ਦਾ ਨਾ ਸੈਮੂਏਲ ਰੱਖਿਆ (ਜਿਸ ਦਾ ਅਰਥ: ਪਰਮੇਸ਼ਵਰ ਦੁਆਰਾ ਸੁਨਣਾ)। ਪਰ ਕੀ ਹੱਨਾ ਨੇ ਪਰਮੇਸ਼ਵਰ ਨੂੰ ਅਤੇ ਉਸਦੇ ਨਾਲ ਕੀਤੇ ਹੋਏ ਵਾਇਦੇ ਨੂੰ ਯਾਦ ਰੱਖਿਆ?





ਹੱਨਾ ਨੇ ਹਰ ਸਾਲ
ਪਰਮੇਸ਼ਵਰ ਦੀ
ਹੈਕਲ ਵਿੱਚ ਜਾਣਾ
ਬੰਦ ਕਰ ਦਿੱਤਾ।
ਹੇ ਪਿਆਰਿਓ!
ਕੀ ਉਸ ਨੇ
ਪਰਮੇਸ਼ਵਰ ਨਾਲ
ਕੀਤੇ ਵਾਇਦੇ ਨੂੰ
ਤੋੜ ਦਿੱਤਾ?



ਨਹੀ, ਹੱਨਾ ਇੰਤਜ਼ਾਰ ਵਿੱਚ ਰਹੀ ਕੀ ਸੈਮੂਏਲ ਇੰਨਾ ਵੱਡਾ ਹੋ ਜਾਵੇ ਕੀ ਉਹ ਹੈਕਲ ਵਿੱਚ ਰਹੇ ਅਤੇ ਪਰਮੇਸ਼ਵਰ ਦੀ ਸੇਵਾ ਵਿੱਚ ਏਲੀ ਦੀ ਮਦਦ ਕਰ ਸਕੇ। ਤਦ ਉਸਨੇ ਉਸ ਨੂੰ ਹੈਕਲ ਵਿੱਚ ਲਿਆਂਦਾ।



ਪਰਮੇਸ਼ਵਰ ਨੇ
ਹੱਨਾ ਦੀ ਮਹਾਨ
ਵਫ਼ਾਦਾਰੀ ਨੂੰ
ਸਨਮਾਨ ਦਿੱਤਾ।
ਸੈਮੂਏਲ ਤੋਂ ਬਾਅਦ
ਪਰਮੇਸ਼ਵਰ ਨੇ ਉਸ
ਨੂੰ ਤਿੰਨ ਹੋਰ ਬੇਟੇ
ਅਤੇ ਦੋ ਬੇਟੀਆਂ
ਦਿੱਤੀਆਂ।



ਹਰ ਸਾਲ, ਹੱਨਾ
ਪਰਮੇਸ਼ਵਰ ਦੇ
ਹੈਕਲ ਵਿੱਚ
ਉਸਦੀ ਅਰਾਧਨਾ
ਕਰਨ ਜਾਂਦੀ ਸੀ –
ਅਤੇ ਸੈਮੂਏਲ ਲਈ
ਉਸਦੇ ਦੁਆਰਾ
ਬਣਾਇਆ ਵਸਤਰ
ਲਿਆਉਂਦੀ ਸੀ।



ਸਿਰਫ਼ ਸੈਮੂਏਲ ਹੀ ਏਲੀ ਦਾ
ਸਹਾਇਕ ਨਹੀ ਸੀ। ਏਲੀ ਦੇ
ਪੁੱਤਰ ਹੋਪਨੀ ਅਤੇ ਪਿਨਹਾਸ
ਵੀ ਉੱਥੇ ਕੰਮ ਕਰਦੇ ਸੀ। ਪਰ
ਉਹਨਾਂ ਨੇ ਦੁਸ਼ਟਤਾ
ਪੂਰਨ ਕੰਮਾਂ ਨਾਲ
ਪਰਮੇਸ਼ਵਰ
ਦੀ ਆਗਿਆ
ਦੀ ਉਲੱਘਨਾ
ਕੀਤੀ, ...



... ਅਤੇ ਤਦ ਵੀ ਨਹੀ ਬਦਲੇ
ਜਦ ਉਹਨਾਂ ਦੇ ਪਿਤਾ ਨੇ ਉਹਨਾਂ
ਤੋਂ ਭੀਖ ਮੰਗੀ। ਏਲੀ ਨੂੰ ਉਹਨਾਂ
ਦੇ ਹੈਕਲ ਵਿੱਚ ਕੰਮ
ਕਰਨ ਤੇ ਗੁੱਸਾ
ਆਉਂਦਾ
ਹੋਵੇਗਾ।
ਪਰ ਉਸਨੇ
ਨਹੀ ਕੀਤਾ।



ਇੱਕ ਰਾਤ,
ਸੈਮੂਏਲ ਨੇ
ਸੁਣਿਆ ਇੱਕ
ਆਵਾਜ ਉਸ ਨੂੰ
ਬੁਲਾ ਰਹੀ ਹੈ।
ਲੜਕੇ ਨੇ ਸੋਚਿਆ
ਕੇ ਏਲੀ ਉਸ ਨੂੰ
ਬੁਲਾ ਰਿਹਾ ਹੈ।
“ਮੈਂ ਇੱਥੇ ਹਾਂ,”
ਉਸਨੇ ਕਿਹਾ।



"ਮੈਂ ਨਹੀ ਬੁਲਾਇਆ," ਏਲੀ ਨੇ ਜਵਾਬ ਦਿੱਤਾ। ਇਹ ਤਿੰਨ ਵਾਰ ਹੋਇਆ। ਤਦ ਏਲੀ ਜਾਣ ਗਿਆ ਕੀ ਪਰਮੇਸ਼ਵਰ ਸੈਮੂਏਲ ਨਾਲ ਗੱਲ ਕਰਨਾ ਚਾਹੁੰਦਾ ਹੈ।



ਏਲੀ ਨੇ ਸੈਮੂਏਲ ਨੂੰ ਕਿਹਾ, “ਜੇਕਰ ਉਹ ਤੈਨੂੰ ਬੁਲਾਉਂਦਾ ਹੈ, ਤੂੰ ਜਰੂਰ ਕਹੀਂ, ‘ਪ੍ਰਭੂ ਬੋਲੋ, ਤੁਹਾਡਾ ਦਾਸ ਸੁਣਦਾ ਹੈ।’” ਅਤੇ ਪਰਮੇਸ਼ਵਰ ਨੇ ਫਿਰ ਬੁਲਾਇਆ, ਅਤੇ ਸੈਮੂਏਲ ਨੂੰ ਇੱਕ ਬਹੁਤ ਹੀ ਜਰੂਰੀ ਸੰਦੇਸ਼ ਦਿੱਤਾ।

ਸਵੇਰ ਵੇਲੇ ਏਲੀ ਨੇ ਸੈਮੂਏਲ ਨੂੰ ਬੁਲਾਇਆ। "ਕੀ ਗੱਲ ਹੈ ਜੋ ਪਰਮੇਸ਼ਵਰ ਨੇ ਤੈਨੂੰ ਕਹੀ?" ਉਸ ਨੇ ਪੁੱਛਿਆ। ਜਵਾਨ ਸੈਮੂਏਲ ਨੇ ਉਸ ਨੂੰ ਸਾਰੀ ਗੱਲ ਦੱਸੀ। ਇਹ ਇੱਕਭਿਆਨਕ ਸੰਦੇਸ਼ ਸੀ - ਪਰਮੇਸ਼ਵਰ ਏਲੀ ਦੇ ਸਾਰੇ ਪਰਿਵਾਰ ਨੂੰ ਖਤਮ ਕਰਨ ਜਾ ਰਿਹਾ ਸੀ ਕਿਉਂਕਿ ਹੋਪਨੀ ਅਤੇ ਪਨਿਹਾਸ ਬਹੁਤ ਹੀ ਦੁਸ਼ਟ ਸਨ।



ਪਰਮੇਸ਼ਵਰ ਦੀ ਚੇਤਾਵਨੀ ਸੱਚੀ ਨਿਕਲੀ। ਫ਼ਲਿਸਤੀਆਂ ਨਾਲ ਲੜਾਈ ਦੇ ਦੌਰਾਨ ਏਲੀ ਦੇ ਦੋਨੋ ਬੁਰੇ ਪੁੱਤਰ ਪਰਮੇਸ਼ਵਰ ਦੇ ਸੰਦੂਕ ਨੂੰ ਇਸਰਾਇਲੀ ਸੈਨਾਂ ਦੇ ਅੱਗੇ ਅੱਗੇ ਲੈ ਕੇ ਚੱਲੇ। ਦੁਸ਼ਮਨਾਂ ਨੇ ਸੰਦੂਕ ਲੈ ਲਿਆ ਅਤੇ ਹੋਪਨੀ ਅਤੇ ਪਿਨਹਾਸ ਨੂੰ ਬਹੁਤ ਸਾਰੇ ਇਸਰਾਇਲੀਆਂ ਦੇ ਨਾਲ ਮਾਰ ਦਿੱਤਾ।



ਜਦ ਏਲੀ ਨੇ ਇਹ ਸੁਣਿਆ, ਓਹ ਆਪਣੀ ਸੀਟ ਤੋਂ ਡਿੱਗ ਪਿਆ, ਉਸਦੀ ਗਰਦਨ ਟੁੱਟ ਗਈ ਅਤੇ ਉਸੇ ਦਿਨ ਮਰ ਗਿਆ।



ਪਰਮੇਸ਼ਵਰ ਦੇ ਸੰਦੂਕ ਨੇ ਫ਼ਲਿਸਤੀਆਂ ਵਿੱਚ
ਮੁਸੀਬਤ ਲੈ ਆਂਦੀ। ਉਹਨਾਂ ਨੇ ਉਸ ਨੂੰ ਆਪਣੇ
ਝੂਠੇ ਦੇਵਤਾ ਦਾਗੋਨ ਦੇ ਮੰਦਰ ਵਿੱਚ ਰੱਖਿਆ।



ਸਵੇਰ ਦੇ ਵੇਲੇ, ਦਾਗੋਨ ਦਾ ਪੁੱਤਲਾ ਮੂੰਹ ਦੇ ਭਾਰ ਡਿੱਗਿਆ ਹੋਇਆ ਸੀ। ਫ਼ਲਿਸਤੀਆਂ ਨੇ ਦਾਗੋਨ ਨੂੰ ਚੁੱਕਿਆ – ਪਰ ਦੂਸਰੀ ਸਵੇਰ ਉਹ ਫਿਰ ਡਿੱਗਿਆ ਸੀ। ਇਸ ਵਾਰ ਦਾਗੋਨ ਹਿੱਸਿਆਂ ਵਿੱਚ ਟੁੱਟਿਆ ਹੋਇਆ ਸੀ।





ਮੌਤ ਅਤੇ ਬੀਮਾਰੀਆਂ ਫ਼ਲਿਸਤੀਆਂ ਵਿੱਚ ਫੈਲੇ ਸਨ। ਇਹ ਵੇਖਣ ਲਈ ਕੀ ਜੇਕਰ ਇਹ ਸਜਾ ਪਰਮੇਸ਼ਵਰ ਦੇ ਰਿਹਾ ਹੈ, ਫ਼ਲਿਸਤੀਆਂ ਨੇ ਦੋ ਗਾਵਾਂ ਇੱਕ ਰੇੜੇ ਨੂੰ ਖਿੱਚਣ ਲਈ ਜਿਸ ਤੇ ਵਾਚਾ ਦਾ ਸੰਦੂਕ ਸੀ ਲਏ।



ਪਰ ਉਹਨਾਂ ਨੇ ਗਾਵਾਂ ਦੇ ਵੱਛਿਆਂ ਨੂੰ ਰੱਖ ਲਿਆ। “ਜੇਕਰ ਗਾਵਾਂ ਇਸਰਾਏਲ ਨੂੰ ਜਾਣ, ਅਤੇ ਆਪਣੇ ਵੱਛਿਆਂ ਨੂੰ ਛੱਡਣ, ਤਾਂ ਅਸੀ ਜਾਣ ਲਵਾਂਗੇ ਕੀ ਇਹ ਪਰਮੇਸ਼ਵਰ ਨੇ ਕੀਤਾ ਹੈ,” ਉਹਨਾਂ ਆਖਿਆ। ਅਤੇ ਗਾਵਾਂ ਚਲੀਆਂ ਗਈਆਂ।



ਤਦ ਸੈਮੂਏਲ, ਜਿਹੜਾ ਹੁਣ ਇੱਕ ਜਵਾਨ ਮਨੁੱਖ ਸੀ, ਉਸਨੇ ਸਾਰੇ ਇਸਰਾਏਲੀਆਂ ਨਾਲ ਗੱਲ ਕੀਤੀ। “ਜੇਕਰ ਤੁਸੀ ਆਪਣੇ ਪੂਰੇ ਦਿਲ ਤੋਂ ਪਰਮੇਸ਼ਵਰ ਵੱਲ ਮੁੜੋਗੇ ... ਉਹ ਤੁਹਾਨੂੰ ਫ਼ਲਿਸਤੀਆਂ ਦੇ ਹੱਥੋਂ ਬਚਾਵੇਗਾ।”



ਲੋਕਾਂ ਨੇ ਪਰਮੇਸ਼ਵਰ ਦੇ ਵਿਸ਼ਵਾਸ਼ ਯੋਗ ਨਬੀ ਦੀ ਆਗਿਆ ਮੰਨੀ। ਅਤੇ ਸੈਮੂਏਲ ਦੇ ਸਾਰੇ ਦਿਨਾਂ ਵਿੱਚ ਪਰਮੇਸ਼ਵਰ ਦਾ ਹੱਥ ਫ਼ਲਿਸਤੀਆ ਦੇ ਵਿਰੁੱਧ ਰਿਹਾ।

# ਸੈਮੂਏਲ ਪਰਮੇਸ਼ਵਰ ਦਾ ਦਾਸ

ਇਹ ਕਹਾਣੀ ਪਰਮੇਸ਼ੁਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਸੈਮੂਏਲ 1-7

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16